# ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ, ਫੋਨ ਨੰਬਰ:0172-2212221

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਸਕੂਲ ਮੁੱਖੀ(ਵੈੱਬਸਾਈਟ ਰਾਹੀਂ)
ਪੰਜਾਬ।

ਮੀਮੋ ਨੰ: SCERT,QP/UP/2021201527 ਮਿਤੀ: 28-06-2021

**ਵਿਸ਼ਾ: "ਪੜ੍ਹੋ ਪੰਜਾਬ ਪੜ੍ਹਾਓ ਪੰਜਾਬ"- ਬੀ.ਐਮਜ਼./ਡੀ.ਐਮਜ਼/ ਐਸ.ਆਰ.ਪੀ. ਸੰਬੰਧੀ।**

**ਹਵਾਲਾ ਪੱਤਰ ਨੰ. SCERT,QP/UP/2021-133459 ਮਿਤੀ:- 20-04-2021**

**1.0** ਉਪਰੋਕਤ ਹਵਾਲਾ ਪੱਤਰ ਦੀ ਲਗਾਤਾਰਤਾ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਸਿੱਖਿਆ ਵਿਭਾਗ ਵੱਲੋਂ ਪਿਛਲੇ ਦਿਨਾਂ ਦੌਰਾਨ ਵੱਖ-ਵੱਖ ਕੇਡਰ ਦੇ ਅਧਿਆਪਕਾਂ ਦੀਆਂ ਤਰੱਕੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵਿਭਾਗ ਵੱਲੋਂ ਤਰੱਕੀ ਕੀਤੇ ਗਏ ਅਧਿਆਪਕਾਂ ਨੂੰ ਬਤੌਰ ਲੈਕਚਰਾਰ 21 ਅਪ੍ਰੈਲ ਜਾ ਉਸ ਤੋਂ ਬਾਅਦ ਆਪਣੇ ਨਵੇਂ ਸਟੇਸ਼ਨਾਂ ਤੇ ਹਾਜਰ ਹੋਣ ਸੰਬੰਧੀ ਹੁਕਮ ਜਾਰੀ ਕੀਤੇ ਗਏ ਹਨ।

**2.0** ਇਹਨਾਂ ਤਰੱਕੀਆਂ ਅਧੀਨ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਬਤੌਰ ਲੈਕਚਰਾਰ ਦੀਆਂ ਤਰੱਕੀ ਵੀ ਹੋਈਆਂ ਹਨ ਜੋ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰੋਜੈਕਟ' ਅਧੀਨ ਬਤੌਰ ਬੀ.ਐਮਜ਼./ਡੀ.ਐਮਜ਼/ਸਟੇਟ ਰਿਸੋਰਸ ਗਰੁੱਪ/ਐਸ.ਆਰ.ਪੀ. ਵੱਜੋਂ ਕੰਮ ਕਰ ਰਹੇ ਹਨ।

**3.0** 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰੋਜੈਕਟ' ਦੇ ਕੰਮ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਅਜਿਹੇ ਅਧਿਆਪਕ ਬਤੌਰ ਲੈਕਚਰਾਰ ਨਵੇਂ ਸਟੇਸ਼ਨ ਤੇ ਹਾਜਰ ਹੋਣ ਉਪਰੰਤ ਅਗਲੇ ਹੁਕਮਾਂ ਤੱਕ ਪ੍ਰੋਜੈਕਟ ਅਧੀਨ ਪਹਿਲਾਂ ਵਾਂਗ ਹੀ ਆਪਣੀ ਡਿਊਟੀ ਨਿਭਾਉਣਗੇ।

**4.0** ਸਬੰਧਤ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਪ੍ਰੋਜੈਕਟ ਅਧੀਨ ਕੰਮ ਕਰ ਰਹੇ ਅਜਿਹੇ ਵਿਸ਼ਾ ਅਧਿਆਪਕ ਜੋ ਕਿ ਬਤੌਰ ਲੈਕਚਰਾਰ ਪ੍ਰੋਮੋਟ ਹੋਏ ਹਨ ਨੂੰ ਹਾਜਰ ਕਰਵਾਉਣ ਉਪਰੰਤ ਤੁਰੰਤ ਫਾਰਗ ਕਰਨਾ ਯਕੀਨੀ ਬਣਾਉਣਗੇ ਅਤੇ ਸਬੰਧਤ ਨੂੰ ਆਪਣੀ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰੋਜੈਕਟ' ਦੀ ਡਿਊਟੀ ਤੇ ਹਾਜਰ ਹੋਣ ਲਈ ਨੋਟ ਕਰਵਾਉਣਗੇ।

**5.0** ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

**ਕ੍ਰਿਸ਼ਨ ਕੁਮਾਰ, ਆਈ.ਏ.ਐਸ.**
**ਸਕੱਤਰ ਸਕੂਲ ਸਿੱਖਿਆ, ਪੰਜਾਬ।**

ਪਿੱਠ ਅੰਕਣ ਨੰ: ਉਕਤ ਮਿਤੀ:

ਉਪਰੋਕਤ ਦਾ ਉਤਾਰਾ ਸਬੰਧਤ ਅਧਿਆਪਕਾਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

28/6/21

**ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**